# ਜ਼ਰੂਰੀ ਵਾਲੰਟੀਅਰ ਨੀਤੀਆਂ ਅਤੇ ਕਾਰਜ_ਵਿਧੀਆਂ

volunteering VICTORIA

**Essential Volunteer Policies and Procedures**

**ਗਾਈਡ / Guide**

Punjabi | ਪੰਜਾਬੀ

**ਵਾਲੰਟੀਅਰਾਂ ਨੂੰ ਸ਼ਾਮਲ ਕਰਨ ਵਾਲੀਆਂ ਸੰਸਥਾਵਾਂ ਲਈ ਲਿਖਤੀ ਨੀਤੀਆਂ ਅਤੇ ਕਾਰਜ-ਵਿਧੀਆਂ ਬਣਾਉਣਾ ਇੱਕ ਚੰਗਾ ਅਭਿਆਸ ਹੈ। ਉਹ ਵਾਲੰਟੀਅਰਾਂ ਦੇ ਅਧਿਕਾਰਾਂ, ਜ਼ਿੰਮੇਵਾਰੀਆਂ ਅਤੇ ਉਮੀਦਾਂ ਬਾਰੇ ਸਪੱਸ਼ਟਤਾ ਪ੍ਰਦਾਨ ਕਰਦੀਆਂ ਹਨ।**

## ਨੀਤੀਆਂ ਨੂੰ ਆਪਣੇ ਲਈ ਕਾਰਗਰ ਬਣਾਓ

ਕਿਸੇ ਵੀ ਆਕਾਰ ਦੇ ਵਾਲੰਟੀਅਰ ਸਮੂਹ ਅਤੇ ਸੰਸਥਾਵਾਂ ਆਪਣੀਆਂ ਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਲਿਖਣ ਤੋਂ ਲਾਭ ਉਠਾ ਸਕਦੀਆਂ ਹਨ। ਅਜਿਹੇ ਦਸਤਾਵੇਜ਼ਾਂ ਦੇ ਲੰਬੇ ਹੋਣ ਜਾਂ ਤੁਹਾਡੇ ਦੁਆਰਾ ਕੀਤੇ ਜਾਂਦੇ ਹਰ ਪਹਿਲੂ ਨੂੰ ਲਿਖੇ ਜਾਣ ਦੀ ਲੋੜ ਨਹੀਂ ਹੈ। ਇਸ ਦੀ ਬਜਾਏ, ਮੁੱਖ ਮੁੱਦਿਆਂ ਸੰਬੰਧੀ, ਇਹਨਾਂ ਬਾਰੇ ਸੋਚੋ:

- ਮੁੱਦੇ ਪ੍ਰਤੀ ਤੁਹਾਡੀ ਆਮ ਪਹੁੰਚ ਬਾਰੇ
- ਇਹ ਮੁੱਦਾ ਖ਼ਾਸ ਤੌਰ 'ਤੇ ਕਿਸ ਨੂੰ ਪ੍ਰਭਾਵਿਤ ਕਰਦਾ ਹੈ
- ਇਸ ਨਾਲ ਨਜਿੱਠਣ ਲਈ ਕੌਣ ਜ਼ਿੰਮੇਵਾਰ ਹੈ
- ਕਿਹੜੇ ਕਦਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ

ਜਿੱਥੇ ਵੀ ਸੰਭਵ ਹੋਵੇ, ਸਪੱਸ਼ਟ ਸਾਦੀ ਭਾਸ਼ਾ ਵਰਤੋਂ, ਜਿਸ ਵਿੱਚ ਛੋਟੇ ਰੂਪਾਂ ਜਾਂ ਹੋਰ ਅਜਿਹੇ ਸ਼ਬਦ ਨਾ ਹੋਣ ਜਿਨ੍ਹਾਂ ਤੋਂ ਲੋਕ ਜਾਣੂ ਨਾ ਹੋਣ।

## ਸਪੱਸ਼ਟ ਜਾਣਕਾਰੀ ਪ੍ਰਦਾਨ ਕਰੋ

ਨੀਤੀਆਂ ਅਤੇ ਕਾਰਜ-ਵਿਧੀਆਂ ਕਿਸੇ ਸੰਸਥਾ ਦੀਆਂ ਉਮੀਦਾਂ 'ਤੇ ਸਪੱਸ਼ਟ ਮਾਰਗਦਰਸ਼ਨ ਪ੍ਰਦਾਨ ਕਰਦੀਆਂ ਹਨ। ਯਕੀਨੀ ਬਣਾਓ ਕਿ ਵਾਲੰਟੀਅਰਾਂ ਨੂੰ ਉਹਨਾਂ ਨੀਤੀਆਂ ਬਾਰੇ ਜਾਣੂ ਕਰਵਾਇਆ ਗਿਆ ਹੈ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੀਆਂ ਹਨ, ਤਰਜੀਹੀ ਤੌਰ 'ਤੇ ਜਦੋਂ ਉਹ ਵਾਲੰਟੀਅਰ ਵਜੋਂ ਕੰਮ ਸ਼ੁਰੂ ਕਰਦੇ ਹਨ ਜਾਂ ਸੰਸਥਾ ਵਿੱਚ ਸ਼ਾਮਲ ਹੁੰਦੇ ਹਨ। ਇਹ ਯਕੀਨੀ ਬਣਾਓ ਕਿ ਉਹ ਆਪਣੇ ਹੋਣ ਵਾਲੇ ਕਿਸੇ ਵੀ ਪ੍ਰਸ਼ਨ ਨੂੰ ਪੁੱਛਣ, ਹੋਰ ਸਹਾਇਤਾ (ਜਿਵੇਂ ਕਿ ਸਿਖਲਾਈ) ਮੰਗਣ ਅਤੇ ਨੀਤੀਆਂ ਬਾਰੇ ਫੀਡਬੈਕ ਪ੍ਰਦਾਨ ਕਰਨ ਵਿੱਚ ਸਹਿਜ ਮਹਿਸੂਸ ਕਰਦੇ ਹਨ। ਇਹ 'ਜੀਵਤ' ਦਸਤਾਵੇਜ਼ ਹਨ ਜੋ ਲੋਕਾਂ ਵੱਲੋਂ ਜਾਣਕਾਰੀ ਪਾਏ ਜਾਣ 'ਤੇ ਨਿਰਭਰ ਕਰਦੇ ਹਨ ਜਿਨ੍ਹਾਂ ਨੂੰ ਉਹ ਉਪਯੋਗੀ ਅਤੇ ਢੁੱਕਵੇਂ ਰਹਿਣ ਲਈ ਪ੍ਰਭਾਵਿਤ ਕਰਦੇ ਹਨ।

ਆਪਣੀਆਂ ਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਉਜਾਗਰ ਕਰਕੇ, ਤੁਸੀਂ ਵਾਲੰਟੀਅਰਾਂ ਨੂੰ ਉਹਨਾਂ ਬਾਰੇ ਜਾਣੂ ਕਰਵਾਉਂਦੇ ਹੋ। ਇਹ ਦਰਸਾਉਂਦਾ ਹੈ ਕਿ ਤੁਹਾਡੀ ਸੰਸਥਾ ਨੇ ਉਹਨਾਂ ਨੂੰ ਅਤੇ ਉਹਨਾਂ ਦੇ ਕੰਮ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਪ੍ਰਤੀ ਆਪਣੇ ਜਵਾਬ ਨੂੰ ਸੋਚਿਆ ਹੈ।

ਜੇਕਰ ਚੀਜ਼ਾਂ ਗਲਤ ਹੋ ਜਾਂਦੀਆਂ ਹਨ, ਤਾਂ ਤੁਹਾਡੇ ਕੋਲ ਮੁੱਦਿਆਂ ਨੂੰ ਹਰ ਕਿਸੇ ਦੇ ਬੇਹਤਰੀਨ ਹਿੱਤ ਵਿੱਚ ਹੱਲ ਕਰਨ ਲਈ ਇੱਕ ਸਹਿਮਤ ਸ਼ੁਰੂਆਤੀ ਬਿੰਦੂ ਹੋਵੇਗਾ।

### ਨੀਤੀਆਂ ਅਤੇ ਕਾਰਜ-ਵਿਧੀਆਂ ਮਿਲ ਕੇ ਕੰਮ ਕਰਦੀਆਂ ਹਨ

**ਇੱਕ ਨੀਤੀ ਦੱਸਦੀ ਹੈ ਕਿ ਕੀ** ਲੋੜ ਹੈ। ਇਹ ਇੱਕ ਦਸਤਾਵੇਜ਼ ਹੁੰਦਾ ਹੈ ਜੋ ਵਰਤਾਓ ਅਤੇ ਕਾਰਗੁਜ਼ਾਰੀ ਦੇ ਮਿਆਰਾਂ ਦੇ ਸੰਬੰਧ ਵਿੱਚ ਕਿਸੇ ਸੰਸਥਾ ਦੀਆਂ ਸਪੱਸ਼ਟ ਉਮੀਦਾਂ ਦੀ ਰੂਪਰੇਖਾ ਦੱਸਦਾ ਹੈ। ਇਹ ਸਪੱਸ਼ਟ ਦਿਸ਼ਾ-ਨਿਰਦੇਸ਼ ਅਤੇ ਹੱਦਾਂ ਪ੍ਰਦਾਨ ਕਰਦਾ ਹੈ।

**ਇੱਕ ਕਾਰਜ-ਵਿਧੀ ਦੱਸਦੀ ਹੈ ਕਿ ਕਿਵੇਂ** ਪ੍ਰਕਿਰਿਆ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਕੇ ਕਰਮਚਾਰੀ ਅਤੇ ਵਾਲੰਟੀਅਰ ਕਿਸੇ ਖ਼ਾਸ ਸਥਿਤੀ ਦੇ ਪੈਦਾ ਹੋਣ 'ਤੇ ਹਵਾਲਾ ਦੇ ਸਕਦੇ ਹਨ।

## ਤੈਅ ਕਰੋ ਕਿ ਕਿਹੜੀਆਂ ਨੀਤੀਆਂ

ਨੀਤੀਆਂ ਅਤੇ ਕਾਰਜ-ਵਿਧੀਆਂ ਤੁਹਾਡੀ ਸੰਸਥਾ ਵਿੱਚ ਗਤੀਵਿਧੀਆਂ ਲਈ 'ਕਿਉਂ' ਅਤੇ 'ਕਿਵੇਂ' ਨੂੰ ਨਿਯੰਤ੍ਰਿਤ ਕਰਦੀਆਂ ਹਨ। ਉਹ ਹਰੇਕ ਲਈ ਪਾਲਣਾ ਕਰਨ ਅਤੇ ਮੁੱਖ ਖੇਤਰਾਂ ਬਾਰੇ ਜਾਣਕਾਰੀ ਦੇਣ ਲਈ ਇੱਕ ਮਿਆਰ ਪ੍ਰਦਾਨ ਕਰਦੇ ਹਨ। ਉਹ ਜ਼ੋਖਮ ਪ੍ਰਬੰਧਨ ਦਾ ਇੱਕ ਮਹੱਤਵਪੂਰਨ ਹਿੱਸਾ ਵੀ ਹਨ ਅਤੇ ਕਾਰਗੁਜ਼ਾਰੀ ਪ੍ਰਬੰਧਨ ਪ੍ਰਕਿਰਿਆਵਾਂ ਲਈ ਇੱਕ ਅਧਾਰ ਪ੍ਰਦਾਨ ਕਰ ਸਕਦੇ ਹਨ। ਤੁਹਾਡੀ ਸੰਸਥਾ ਲਈ ਲੋੜੀਂਦੀਆਂ ਨੀਤੀਆਂ ਅਤੇ ਕਾਰਜ-ਵਿਧੀਆਂ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਪ੍ਰੋਗਰਾਮਾਂ ਅਤੇ ਸੇਵਾਵਾਂ ਦੀਆਂ ਕਿਸਮਾਂ 'ਤੇ ਨਿਰਭਰ ਕਰਦੀਆਂ ਹਨ।

ਅਸੀਂ ਆਪਣੀ ਵੈੱਬਸਾਈਟ 'ਤੇ ਕਈ ਮਦਦਗਾਰ ਗਾਈਡਾਂ ਪ੍ਰਦਾਨ ਕੀਤੀਆਂ ਹਨ, ਜਿਵੇਂ ਕਿ:

- ਵਾਲੰਟੀਅਰਿੰਗ ਦੇ ਸਿਧਾਂਤ
- ਵਾਲੰਟੀਅਰਾਂ ਦੀ ਭਰਤੀ ਕਰਨਾ
- ਵਾਲੰਟੀਅਰਾਂ ਦੀ ਸਕ੍ਰੀਨਿੰਗ (ਜਾਂਚ-ਪੜਤਾਲ) ਕਰਨਾ
- ਨਵੇਂ ਵਾਲੰਟੀਅਰਾਂ ਲਈ ਓਰੀਐਂਟੇਸ਼ਨ (ਸ਼ੁਰੂਆਤੀ ਸਿਖਲਾਈ ਅਤੇ ਜਾਣ-ਪਛਾਣ)
- ਵਾਲੰਟੀਅਰਾਂ ਨੂੰ ਬਰਕਰਾਰ ਰੱਖਣ ਲਈ ਪ੍ਰਬੰਧਨ ਕਰਨਾ
- ਵਿਵਾਦ ਨਾਲ ਨਜਿੱਠਣਾ
- ਜਿਨਸੀ ਛੇੜ-ਛਾੜ
- ਵਾਲੰਟੀਅਰਾਂ ਲਈ ਨਿੱਜਤਾ ਦੀ ਰੱਖਿਆ ਕਰਨਾ
- ਗੁਪਤਤਾ ਅਤੇ ਬੌਧਿਕ ਸੰਪੱਤੀ
- ਬੀਮਾ ਅਤੇ ਦੇਣਦਾਰੀ
- ਸਿਹਤ ਅਤੇ ਸੁਰੱਖਿਆ

ਤੁਹਾਡੀ ਸੰਸਥਾ ਕਾਰਜ ਸਥਾਨ ਦੇ ਸੰਚਾਲਨ, ਅੰਤਰ-ਕ੍ਰਿਆਵਾਂ ਅਤੇ ਵਿਵਹਾਰ ਨੂੰ ਮਾਰਗਦਰਸ਼ਨ ਕਰਨ ਦੇ ਵਿਸ਼ਿਆਂ 'ਤੇ ਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਲਾਗੂ ਕਰਨ ਬਾਰੇ ਵਿਚਾਰ ਕਰ ਸਕਦੀ ਹੈ। ਤੁਹਾਨੂੰ ਆਪਣੇ ਕਾਰਜਾਂ ਸੰਬੰਧੀ ਖ਼ਾਸ ਮੁੱਦਿਆਂ ਲਈ ਹੋਰ ਨੀਤੀਆਂ ਦੀ ਵੀ ਲੋੜ ਹੋ ਸਕਦੀ ਹੈ।

ਕੁੱਝ ਸਵਾਲ ਜਾਂ ਪ੍ਰੋਂਪਟ ਸਿਰਫ਼ ਸ਼ੁਰੂਆਤੀ ਬਿੰਦੂ ਵਜੋਂ ਦਿੱਤੇ ਗਏ ਹਨ:

- **ਅਧਿਕਾਰ ਅਤੇ ਜ਼ਿੰਮੇਵਾਰੀਆਂ**
  *ਸੰਸਥਾਤਮਕ ਅਤੇ ਵਾਲੰਟੀਅਰ ਅਧਿਕਾਰ ਅਤੇ ਜ਼ਿੰਮੇਵਾਰੀਆਂ*
- **ਬੀਮਾ**
  *ਬੀਮੇ ਦੇ ਅਧੀਨ ਕੀ ਹੈ ਅਤੇ ਕੀ ਨਹੀਂ ਹੈ?*
- **ਡਰੈੱਸ ਕੋਡ (ਪਹਿਰਾਵੇ)**
  *ਕਿਸ ਡਰੈੱਸ ਕੋਡ ਦੀ ਉਮੀਦ ਕੀਤੀ ਜਾਂਦੀ ਹੈ?*
- **ਬੌਧਿਕ ਸੰਪੱਤੀ**
  *ਕੀ ਵਾਲੰਟੀਅਰ ਆਪਣੀ ਬੌਧਿਕ ਸੰਪੱਤੀ ਦੇ ਅਧਿਕਾਰ ਛੱਡ ਦਿੰਦੇ ਹਨ?*
- **ਭਰਤੀ ਅਤੇ ਚੋਣ ਕਰਨਾ**
  *ਨੋਟ ਕਰੋ ਕਿ ਕੀ ਵਾਲੰਟੀਅਰ ਜ਼ੋਖਮ ਗ੍ਰਸਤ ਲੋਕਾਂ ਨਾਲ ਜੁੜੇ ਹੋਣਗੇ*
- **ਵਾਲੰਟੀਅਰ ਇਕਰਾਰਨਾਮਾ**

*ਕੀ ਕੋਈ ਮਿਆਰੀ ਵਾਲੰਟੀਅਰ ਇਕਰਾਰਨਾਮਾ ਹੈ?*

» **ਇੰਡਕਸ਼ਨ ਅਤੇ ਓਨਬੋਰਡਿੰਗ**

*ਨਵੇਂ ਵਾਲੰਟੀਅਰਾਂ ਨੂੰ ਕਿਹੜੀ ਇੰਡਕਸ਼ਨ ਦਿੱਤੀ ਜਾਂਦੀ ਹੈ?*

» **ਸਿਖਲਾਈ ਅਤੇ ਸਹਾਇਤਾ**

*ਵਾਲੰਟੀਅਰਾਂ ਨੂੰ ਕਿਹੜੀ ਸਿਖਲਾਈ ਦਿੱਤੀ ਜਾਂਦੀ ਹੈ?*

» **ਭਲਾਈ**

*ਕੀ ਵਾਲੰਟੀਅਰਾਂ ਕੋਲ ਕਾਉਂਸਲਿੰਗ ਤੱਕ ਪਹੁੰਚ ਹੈ?*

» **ਨਿਗਰਾਨੀ ਅਤੇ ਸਾਥੀ ਸਹਿਯੋਗ**

*ਹੋਰਾਂ ਨਾਲ ਨੈੱਟਵਰਕਿੰਗ ਅਤੇ ਡੀਬ੍ਰੀਫਿੰਗ ਕਰਨ ਦੀ ਵਿਧੀ?*

» **ਕੋਚਿੰਗ ਅਤੇ ਸਲਾਹਕਾਰੀ**

*ਕੀ ਸਲਾਹ ਜਾਂ ਕੋਚਿੰਗ ਪ੍ਰਦਾਨ ਕੀਤੀ ਜਾਂਦੀ ਹੈ?*

» **ਸੁਰੱਖਿਆ**

*ਵਾਲੰਟੀਅਰਾਂ ਦੀ ਸੁਰੱਖਿਆ ਕਿਵੇਂ ਕੀਤੀ ਜਾਂਦੀ ਹੈ?*

» **ਘਟਨਾ ਅਤੇ ਸੱਟ ਦੀ ਰਿਪੋਰਟ ਕਰਨਾ**

*ਕਿਹੜੀਆਂ ਘਟਨਾਵਾਂ ਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ?*

*ਉਹਨਾਂ ਦੀ ਰਿਪੋਰਟ ਕਿਵੇਂ ਕੀਤੀ ਜਾਂਦੀ ਹੈ?*

» **ਖ਼ਰਚਿਆ ਦੀ ਭਰਪਾਈ**

*ਜੇਬ ਤੋਂ ਬਾਹਰ ਦੇ ਕਿਹੜੇ ਖ਼ਰਚਿਆ ਦੀ ਭਰਪਾਈ ਕੀਤੀ ਜਾਂਦੀ ਹੈ?*

» **ਮੀਡੀਆ ਅਤੇ ਸੰਚਾਰ**

*ਮੀਡੀਆ ਇੰਟਰਵਿਊ ਅਤੇ ਸੋਸ਼ਲ ਮੀਡੀਆ ਦੀ ਵਰਤੋਂ*

» **ਨਿੱਜੀ ਮੋਟਰ ਵਾਹਨ ਦੀ ਵਰਤੋਂ**

*ਕੀ ਵਿਆਪਕ ਕਾਰ ਬੀਮੇ ਦੀ ਲੋੜ ਹੈ? ਕਿਸੇ ਵੀ ਦੁਰਘਟਨਾ ਲਈ ਕਵਰ ਕਰਦਾ ਹੈ?*

» **ਰਿਕਾਰਡ ਪ੍ਰਬੰਧਨ**

*ਕੀ ਵਾਲੰਟੀਅਰ ਰਿਪੋਰਟ ਕਰ ਰਹੇ ਹਨ ਜਾਂ ਪੁਰਾਲੇਖ ਕਰ ਰਹੇ ਹਨ? ਨਿੱਜੀ ਰਿਕਾਰਡ ਕਿਵੇਂ ਸਟੋਰ ਕੀਤੇ ਜਾਂਦੇ ਹਨ?*

## ਕੰਮ ਕਰਨ ਦੇ ਸਰਬੋਤਮ ਤਰੀਕੇ

ਵਾਲੰਟੀਅਰ ਪ੍ਰਬੰਧਨ ਵਿੱਚ ਆਸਟ੍ਰੇਲੀਆ ਦੇ ਕੰਮ ਕਰਨ ਦੇ ਸਰਬੋਤਮ ਤਰੀਕੇ ਸਮੇਂ ਦੇ ਨਾਲ ਵਿਕਸਿਤ ਹੋਏ ਹਨ। National Standards for Volunteer Involvement (ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰਾਂ) ਵਿੱਚ ਇਸ ਦੀ ਉਦਾਹਰਨ ਦਿੱਤੀ ਗਈ ਹੈ, ਜੋ ਕਿ ਵਾਲੰਟੀਅਰਾਂ ਦੀ ਸ਼ਮੂਲੀਅਤ ਦੀ ਅਗਵਾਈ ਕਰਨ ਲਈ ਕੰਮ ਕਰਨ ਦੇ ਸਰਬੋਤਮ ਤਰੀਕਿਆਂ ਦਾ ਫਰੇਮਵਰਕ ਹੈ। ਇਹ ਰਾਸ਼ਟਰੀ ਮਿਆਰ ਲਚਕਦਾਰ ਢੰਗ ਨਾਲ ਵਰਤੇ ਜਾ ਸਕਦੇ ਹਨ, ਇਹ ਮੰਨਦੇ ਹੋਏ ਕਿ ਵਾਲੰਟੀਅਰ ਕੰਮ ਬਹੁਤ ਹੀ ਵਿਭਿੰਨ ਸੈਟਿੰਗਾਂ ਅਤੇ ਤਰੀਕਿਆਂ ਨਾਲ ਹੁੰਦੇ ਹਨ।

## ਹੋਰ ਜਾਣਕਾਰੀ

ਵਾਲੰਟੀਅਰ ਕੰਮ ਕਰਨ ਲਈ ਵਿਕਟੋਰੀਆ ਦੀ ਪੀਕ ਬਾਡੀ ਹੋਣ ਦੇ ਨਾਤੇ, ਤੁਸੀਂ ਹਮੇਸ਼ਾ ਭਰੋਸੇਯੋਗ ਸਰੋਤਾਂ ਅਤੇ ਸਲਾਹ ਲਈ ਸਾਡੇ ਕੋਲ ਆ ਸਕਦੇ ਹੋ। *ਜ਼ਰੂਰੀ ਵਾਲੰਟੀਅਰ ਨੀਤੀਆਂ ਅਤੇ ਕਾਰਜ-ਵਿਧੀਆਂ* ਬਾਰੇ ਤੁਹਾਡੀ ਸਮਝ ਨੂੰ ਜਾਰੀ ਰੱਖਣ ਲਈ ਹੇਠਾਂ ਕੁੱਝ ਮਦਦਗਾਰ ਲਿੰਕ ਅਤੇ ਸਰੋਤ ਦਿੱਤੇ ਗਏ ਹਨ।

- Volunteering Victoria ਦੀ ਵੈੱਬਸਾਈਟ ਸਮੇਂ ਸਿਰ ਅਤੇ ਭਰੋਸੇਮੰਦ ਸਹਾਇਤਾ, ਸਿਖਲਾਈ, ਸਰੋਤਾਂ ਅਤੇ ਮਾਹਰ ਸਲਾਹ ਦੇ ਨਾਲ, ਵਾਲੰਟੀਅਰ ਕਰਨ ਵਾਲੀਆਂ ਸਾਰੀਆਂ ਚੀਜ਼ਾਂ ਲਈ ਤੁਹਾਡਾ ਸਭ ਕੁਝ ਲਈ ਜਾਣਨ ਦਾ ਸਥਾਨ ਹੈ।

**ਜੋ ਤੁਸੀਂ ਲੱਭ ਰਹੇ ਹੋ ਉਹ ਨਹੀਂ ਲੱਭ ਪਾ ਰਹੇ?**

ਆਪਣੇ ਸਵਾਲਾਂ ਲਈ ਕਿਸੇ ਵੀ ਸਮੇਂ Volunteering Victoria ਦੀ ਟੀਮ ਨਾਲ info@volunteeringvictoria.org.au 'ਤੇ ਸੰਪਰਕ ਕਰੋ।

**Volunteering Victoria ਦੀ ਵੈੱਬਸਾਈਟ**

ਮੋਹਰੀ ਵਾਲੰਟੀਅਰਾਂ ਲਈ ਗਾਈਡ

ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ

ਸਿਖਲਾਈ ਅਤੇ ਵਰਕਸ਼ਾਪਾਂ
*(ਕੁੱਝ **ਮੁਫ਼ਤ ਵਿੱਚ** ਪੇਸ਼ ਕੀਤੇ ਜਾਂਦੇ ਹਨ)*

ਵਾਲੰਟੀਅਰ ਮੈਨੇਜਰਾਂ ਲਈ ਰਾਸ਼ਟਰੀ ਪੱਧਰ ਦਾ ਜਾਣਕਾਰੀ ਭੰਡਾਰ

'ਰਾਸ਼ਟਰੀ ਗਿਆਨ ਅਧਾਰ': ਨੀਤੀਆਂ ਅਤੇ ਕਾਰਜ-ਵਿਧੀਆਂ ਬਣਾਉਣਾ

ਸੰਚਾਲਨ ਦੀਆਂ ਕਹਾਣੀਆਂ
(Volunteering Queensland)

© Volunteering Victoria 2024 | ਮਾਰਚ 2024 ਨੂੰ ਸਮੀਖਿਆ ਕੀਤੀ ਗਈ। Volunteering Victoria ਵਾਲੰਟੀਅਰ ਕੰਮਾਂ ਲਈ ਰਾਜ ਦੀ ਪੀਕ ਬਾਡੀ ਹੈ। ABN 79 378 017 212
ਇਹ ਲੇਖ ਸਿਰਫ਼ ਆਮ ਜਾਣਕਾਰੀ ਹੈ, ਕਾਨੂੰਨੀ ਸਲਾਹ ਨਹੀਂ ਹੈ। ਜੇਕਰ ਤੁਸੀਂ ਪੂਰੀ ਪੱਕੀ ਤਰ੍ਹਾਂ ਯਕੀਨੀ ਨਹੀਂ ਹੋ, ਤਾਂ ਹਮੇਸ਼ਾ ਆਪਣੀਆਂ ਲੋੜਾਂ ਦੇ ਸੰਬੰਧ ਵਿੱਚ ਕਿਸੇ ਕਾਨੂੰਨੀ ਪੇਸ਼ੇਵਰ ਨਾਲ ਸਲਾਹ ਕਰੋ। ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਲੈਣ ਲਈ, ਜਸਟਿਸ ਕਨੈਕਟ - nfplaw.org.au 'ਤੇ ਜਾਓ।

ਇਸ ਸਰੋਤ ਦਾ ਅਨੁਵਾਦ ਪੋਲਾਰਨ ਲੈਂਗੂਏਜ ਸਰਵਿਸ ਦੁਆਰਾ ਕੀਤਾ ਗਿਆ ਹੈ। ਤੁਸੀਂ ਆਪਣਾ ਫੀਡਬੈਕ https://feedbacknow.services/ 'ਤੇ ਸਾਂਝਾ ਕਰ ਸਕਦੇ ਹੋ।